## ਜਮਾਤ - ਨੌਵੀਂ , ਵਿਸ਼ਾ - ਪੰਜਾਬੀ

## ਪਰਤ ਆਉਣ ਤੱਕ - ਇਕਾਂਗੀ

## ਇਕਾਂਗੀਕਾਰ - ਡਾ: ਸਤੀਸ਼ ਕੁਮਾਰ ਵਰਮਾ

### 1. ਸੱਜਣ ਦਾ ਚਰਿੱਤਰ ਚਿਤਰਨ

**• ਜਾਣ - ਪਛਾਣ -** ਸੱਜਣ 'ਪਰਤ ਆਉਣ ਤੱਕ' ਇਕਾਂਗੀ ਦਾ ਇੱਕ ਮਹੱਤਵਪੂਰਨ ਪਾਤਰ ਹੈ। ਬਜ਼ੁਰਗ ਪੰਜਾਬਾ ਉਸ ਦਾ ਪਿਤਾ ਹੈ। ਉਸ ਦੀ ਪਤਨੀ ਦਾ ਨਾਂ ਕਰਤਾਰੀ ਅਤੇ ਪੁੱਤਰ ਦਾ ਨਾਂ ਗੁਰਦੀਪ (ਦੀਪਾ) ਹੈ। ਉਸ ਦੇ ਛੋਟੇ ਭਰਾ ਦਾ ਨਾਂ ਸੁੰਦਰ ਹੈ। ਉਹ ਪਿੰਡ ਵਿਚ ਰਹਿ ਕੇ ਖੇਤੀ ਦਾ ਕੰਮ ਕਰਦਾ ਹੈ।

**• ਘਰ ਵਿਚਲੇ ਕਲੇਸ਼ ਕਰਕੇ ਦੁਖੀ -** ਉਹ ਘਰ ਵਿੱਚ ਕਲੇਸ਼ ਹੋਣ ਕਰਕੇ ਦੁਖੀ ਹੈ, ਜੋ ਕਲੇਸ਼ ਉਸਦੀ ਪਤਨੀ ਕਰਤਾਰੀ ਅਤੇ ਛੋਟੇ ਭਰਾ ਸੁੰਦਰ ਦੀ ਪਤਨੀ ਸੰਤੀ ਦੇ ਆਪਸੀ ਝਗੜੇ ਕਾਰਨ ਹੈ। ਇਸ ਲਈ ਉਹ ਆਪਣੀ ਪਤਨੀ ਕਰਤਾਰੀ ਨੂੰ ਕਲੇਸ਼ ਲਈ ਜ਼ੁੰਮੇਵਾਰ ਮੰਨਦਾ ਹੋਇਆ ਹਰ ਸਮੇਂ ਸੰਤੀ ਵਿਰੁੱਧ ਗੱਲਾਂ ਕਰਨ ਤੋਂ ਵਰਜਦਾ ਹੈ।

**• ਪੱਖਪਾਤ ਨਾ ਰੱਖਣ ਵਾਲਾ -** ਘਰ ਵਿੱਚ ਰੋਜ਼ਾਨਾ ਦੇ ਲੜਾਈ-ਝਗੜੇ ਲਈ ਸੱਜਣ ਬਿਨਾਂ ਕਿਸੇ ਪੱਖਪਾਤ ਦੇ ਆਪਣੀ ਪਤਨੀ ਕਰਤਾਰੀ ਅਤੇ ਆਪਣੇ ਭਰਾ ਦੀ ਪਤਨੀ ਸੰਤੀ ਦੋਵਾਂ ਨੂੰ ਕਸੂਰਵਾਰ ਸਮਝਦਾ ਹੈ। ਇਸੇ ਕਰਕੇ ਉਹ ਕਰਤਾਰੀ ਦੀਆਂ ਸੰਤੀ ਵਿਰੁੱਧ ਗੱਲਾਂ ਸੁਣ ਕੇ ਉਸਨੂੰ ਕਹਿੰਦਾ ਹੈ, "ਓ ਤੂੰ ਕਿਸੇ ਨਾਲੋਂ ਘੱਟ ਐਂ। ਮੈਂ ਜਾਣਦਾ ਨਹੀਂ। ਤੁਸੀਂ ਦੋਵੇਂ ਟੋਆ ਪੁੱਟ ਕੇ ਦੱਬਣ ਵਾਲੀਆਂ ਓ। ਅਖੇ ਜੀ, ਸਕੀਆਂ ਭੈਣਾਂ ਘਰ 'ਚ ਲੈ ਆਓ। ਇਹ ਸਕੀਆਂ ਸੌਕਣਾਂ ਨੂੰ ਟੱਪੀਆਂ ਫਿਰਦੀਆਂ।"

**• ਸਮਝਦਾਰ -** ਉਹ ਇੱਕ ਸਮਝਦਾਰ ਵਿਅਕਤੀ ਹੈ। ਉਹ ਘਰ ਵਿਚਲੇ ਲੜਾਈ-ਝਗੜੇ ਤੋਂ ਦੁਖੀ ਹੈ ਅਤੇ ਸਿਆਣਪ ਤੇ ਸਮਝਦਾਰੀ ਨਾਲ ਸਾਰਿਆਂ ਨੂੰ ਸਮਝਾ ਕੇ ਪਿਆਰ ਨਾਲ ਰਹਿਣ ਲਈ ਕਹਿੰਦਾ ਹੈ। ਉਹ ਆਪਣੀ ਪਤਨੀ ਨੂੰ ਕਹਿੰਦਾ ਹੈ ਕਿ ਉਸਨੂੰ ਘਰ ਵਿਚ ਪਿਆਰ ਨਾਲ ਰਹਿਣ ਦੀ ਗੱਲ ਵਾਰ-ਵਾਰ ਨਾ ਕਹਿਣੀ ਪਵੇ।

**• ਗਰਮ ਅਤੇ ਸਖਤ ਸੁਭਾਅ ਵਾਲਾ -** ਪਿਆਰ ਨਾਲ ਨਾ ਸਮਝਣ ਤੇ ਉਹ ਪਰਿਵਾਰ ਵਿੱਚੋਂ ਕਲੇਸ਼ ਮਕਾਉਣ ਲਈ ਸਖ਼ਤ ਤੇ ਗਰਮ ਸੁਭਾਅ ਨਾਲ ਵੀ ਸਮਝਾਉਂਦਾ ਹੈ। ਉਹ ਸਾਰਿਆਂ ਨੂੰ ਕਹਿੰਦਾ ਹੈ, "...ਆਪਣੇ-ਆਪਣੇ ਘਰ ਰਹੋ ਬੰਦਿਆਂ ਆਂਗੂ ਸਾਰੇ, ਨਹੀਂ ਫੇਰ ਜੇ ਮੈਨੂੰ ਚੜ੍ਹ ਗਿਆ ਨਾ ਰੋਣ, ਅਜਿਹੀ ਕਰੂੰ ਸਾਰਿਆਂ ਨਾਲ ਬਈ ਅਗਲਾ-ਪਿਛਲਾ ਝਾਕੋਗੇ, ਸਮਝੇ ।'' ਸੱਜਣ ਆਪਣੀ ਪਤਨੀ ਕਰਤਾਰੀ ਨੂੰ ਵੀ ਗੁੱਸੇ ਵਿੱਚ ਕਹਿੰਦਾ ਹੈ, " ਤੂੰ ਮੈਥੋਂ ਹੁਣ ਟੰਬੇ ਖਾ ਕੇ ਈ ਹਟੇਂਗੀ....।''

**• ਆਪਣੇ ਪਿਤਾ ਦਾ ਖ਼ਿਆਲ ਰੱਖਣ ਵਾਲਾ -** ਉਹ ਆਪਣੇ ਪਿਤਾ ਦਾ ਖ਼ਿਆਲ ਰੱਖਦਾ ਹੈ। ਜਦੋਂ ਉਹ ਬਿਮਾਰ ਹੁੰਦਾ ਹੈ, ਤਾਂ ਸੱਜਣ ਕਾਫ਼ੀ ਫ਼ਿਕਰਮੰਦ ਹੁੰਦਾ ਹੈ। ਉਹ ਉਸ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰਦਾ ਹੈ ਅਤੇ ਉਸਨੂੰ ਸਰਦੀ ਤੋਂ ਬਚਾਉਣ ਲਈ ਆਪਣੇ ਘਰ ਲਿਜਾਣ ਦੀ ਕੋਸ਼ਿਸ਼ ਕਰਦਾ ਹੈ।

**• ਸਥਿਤੀ ਅਨੁਸਾਰ ਚੱਲਣ ਵਾਲਾ -** ਉਹ ਦੀਪੇ ਅਤੇ ਜਿੰਦੇ ਦੁਆਰਾ ਬਾਪੂ ਦੀ ਮਾਨਸਿਕ ਅਵਸਥਾ ਬਾਰੇ ਸਮਝਾਉਣ ਕਰਕੇ ਸਮਝ ਜਾਂਦਾ ਹੈ ਅਤੇ ਦੋਵੇਂ ਪਰਿਵਾਰਾਂ ਨੂੰ ਇੱਕ ਕਰਨ ਲਈ ਤਿਆਰ ਕਰ ਲੈਂਦਾ ਹੈ। ਉਸ ਦੇ ਕਹੇ ਨੂੰ ਸਾਰੇ ਸਵੀਕਾਰ ਕਰ ਲੈਂਦੇ ਹਨ।

## 2. ਸੁੰਦਰ ਦਾ ਚਰਿੱਤਰ ਚਿਤਰਨ

• **ਜਾਣ-ਪਛਾਣ -** ਸੁੰਦਰ 'ਪਰਤ ਆਉਣ ਤੱਕ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਉਸ ਦੇ ਪਿਤਾ ਦਾ ਨਾਂ ਪੰਜਾਬਾ ਹੈ। ਉਸ ਦੀ ਪਤਨੀ ਦਾ ਨਾਂ ਸੰਤੀ ਅਤੇ ਪੁੱਤਰ ਦਾ ਨਾਂ ਰਾਜਿੰਦਰ (ਜਿੰਦਾ) ਹੈ। ਉਹ ਸੱਜਣ ਦਾ ਛੋਟਾ ਭਰਾ ਹੈ। ਉਹ ਪਿੰਡ ਵਿੱਚ ਰਹਿ ਕੇ ਖੇਤੀ ਕਰਦਾ ਹੈ।

• **ਘਰ ਵਿੱਚ ਕਲੇਸ਼ ਤੋਂ ਪਰੇਸ਼ਾਨ -** ਸੁੰਦਰ ਆਪਣੇ ਭਰਾ ਦੀ ਤਰ੍ਹਾਂ ਹੀ ਘਰ ਵਿਚਲੇ ਕਲੇਸ਼ ਤੋਂ ਪਰੇਸ਼ਾਨ ਹੈ। ਉਹ ਆਪਣੀ ਪਤਨੀ ਸੰਤੀ ਦੇ ਝਗੜਾਲੂ ਸੁਭਾਅ ਕਰਕੇ ਬਹੁਤ ਦੁਖੀ ਹੈ । ਉਹ ਸੰਤੀ ਦੀਆਂ ਕਰਤਾਰੀ ਵਿਰੁੱਧ ਗੱਲਾਂ ਸੁਣ ਕੇ ਦੁਖੀ ਹੋਇਆ ਉਸਨੂੰ ਕਹਿੰਦਾ ਹੈ, "ਫੇਰ ਸ਼ੁਰੂ ਕਰ ਦਿੱਤਾ ਜੰਗ ਹਿੰਦ-ਪੰਜਾਬ ਦਾ। ਮਖਾਂ ਦੋ ਘੜੀ ਰਮਾਨ ਨਾਲ ਵੀ ਬਹਿ ਲਿਆ ਕਰੋ।"

• **ਵੱਡਿਆਂ ਦਾ ਸਤਿਕਾਰ ਕਰਨ ਵਾਲਾ -** ਉਹ ਆਪਣੇ ਭਰਾ ਤੇ ਬਾਪ ਦਾ ਸਤਿਕਾਰ ਕਰਦਾ ਹੈ ਅਤੇ ਉਹਨਾਂ ਦੀ ਗੱਲ ਮੰਨ ਕੇ ਇਕਾਂਗੀ ਦੇ ਅੰਤ ਵਿੱਚ ਦੋਹਾਂ ਪਰਿਵਾਰਾਂ ਨੂੰ ਇੱਕ ਕਰਨ ਲਈ ਤਿਆਰ ਹੋ ਜਾਂਦਾ ਹੈ। ਉਹ ਕਰਤਾਰੀ ਨਾਲ ਝਗੜਾ ਕਰ ਰਹੀ ਆਪਣੀ ਪਤਨੀ ਨੂੰ ਹੀ ਕਹਿੰਦਾ ਹੈ, "ਤੂੰ ਫਿਰ ਕੰਜਰਖਾਨਾ ਸ਼ੁਰੂ ਕਰ ਲਿਆ। ਤੈਨੂੰ ਸੌ ਵਾਰੀ ਕਿਹਾ ਬਈ ਬੜੇ ਛੋਟੇ ਦਾ ਲਿਹਾਜ਼ ਕਰ ਲਿਆ ਕਰ।''

• **ਪੱਖਪਾਤ ਨਾ ਕਰਨ ਵਾਲਾ -** ਉਹ ਵੀ ਆਪਣੇ ਭਰਾ ਸੱਜਣ ਵਾਂਗ ਨਿਰਪੱਖ ਵਿਅਕਤੀ ਹੈ। ਉਹ ਆਪਣੀ ਪਤਨੀ ਸੰਤੀ ਅਤੇ ਕਰਤਾਰੀ ਦੇ ਝਗੜੇ ਵਿਚ ਆਪਣੀ ਪਤਨੀ ਦਾ ਸਾਥ ਨਾ ਦੇ ਕੇ ਨਿਰਪੱਖ ਹੋਣ ਦਾ ਸਬੂਤ ਦਿੰਦਾ ਹੈ।

• **ਪਰਿਵਾਰ ਵਿੱਚ ਏਕਤਾ ਪਸੰਦ ਕਰਨ ਵਾਲਾ -** ਉਹ ਪਰਿਵਾਰ ਵਿੱਚ ਕਲੇਸ਼ ਦੀ ਥਾਂ ਏਕਤਾ ਤੇ ਆਪਸੀ ਪਿਆਰ ਦੇਖਣਾ ਚਾਹੁੰਦਾ ਹੈ। ਉਹ ਆਪਣੀ ਪਤਨੀ ਨੂੰ ਕਹਿੰਦਾ ਹੈ, "ਓ ਮੈਂ ਤਾਂ ਕਹਿਨੈਂ ਦੋਵੇਂ ਜਣੀਆਂ ਪਿਆਰ ਨਾਲ ਰਿਹਾ ਕਰੋ। ਘਰ ਦਾ 'ਤਫ਼ਾਕ ਬਣਾਈ ਰੱਖੋ। ਦੱਬ ਘੁਟ ਕੇ ਗੁਜ਼ਾਰਾ ਕਰੋ।"

• **ਸਾਂਤ ਤੇ ਨਰਮ ਸੁਭਾਅ ਵਾਲਾ -** ਉਹ ਸਾਂਤ ਤੇ ਨਰਮ ਸੁਭਾਅ ਵਾਲਾ ਵਿਅਕਤੀ ਹੈ। ਉਹ ਆਪਣੇ ਭਰਾ ਸੱਜਣ ਵਾਂਗ ਆਪਣੀ ਪਤਨੀ ਸੰਤੀ ਨਾਲ ਰੋਹਬ ਨਾਲ ਗੱਲ ਨਹੀਂ ਕਰਦਾ। ਉਸ ਦਾ ਪੁੱਤਰ ਵੀ ਆਪਣੇ ਪਿਤਾ ਦੇ ਸੁਭਾਅ ਨੂੰ ਨਰਮ ਕਹਿੰਦਾ ਹੈ, ਜਿਸ ਕਰਕੇ ਉਸਦੀ ਸੰਤੀ ਅੱਗੇ ਵਾਹ ਨਹੀਂ ਚਲਦੀ।

• **ਬਾਪੂ ਦਾ ਖ਼ਿਆਲ ਰੱਖਣ ਵਾਲਾ -** ਆਪਣੇ ਪਿਤਾ ਦੇ ਬਿਮਾਰ ਹੋਣ ਤੇ ਸੁੰਦਰ ਬਹੁਤ ਫ਼ਿਕਰਮੰਦ ਹੁੰਦਾ ਹੈ। ਉਸ ਨੂੰ ਸਾਰੇ ਪਰਿਵਾਰ ਦੇ ਕਹਿਣ ਅਨੁਸਾਰ ਆਪਣੇ ਘਰ ਚੱਲਣ ਲਈ ਕਹਿੰਦਾ ਹੈ। ਉਹ ਦੋਹਾਂ ਪਰਿਵਾਰਾਂ ਦੇ ਇੱਕ ਹੋਣ ਅਤੇ ਬਾਪੂ ਦੇ ਤੰਦਰੁਸਤ ਹੋਣ ਕਰਕੇ ਖੁਸ਼ੀ ਪ੍ਰਗਟ ਕਰਦਾ ਹੈ।

## 3. ਕਰਤਾਰੀ ਦਾ ਚਰਿੱਤਰ ਚਿਤਰਨ

• **ਜਾਣ-ਪਛਾਣ** - ਕਰਤਾਰੀ 'ਪਰਤ ਆਉਣ ਤੱਕ' ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ । ਉਸਦੇ ਪਤੀ ਦਾ ਨਾਂ ਸੱਜਣ ਅਤੇ ਪੁੱਤਰ ਦਾ ਨਾਂ ਗੁਰਦੀਪ (ਦੀਪਾ) ਹੈ। ਇਕਾਂਗੀ ਵਿੱਚ ਉਹ ਤੇ ਸੰਤੀ ਸਕੀਆਂ ਭੈਣਾਂ ਹਨ ਅਤੇ ਸਕੇ ਭਰਾਵਾਂ ਨਾਲ ਵਿਆਹੀਆਂ ਹਨ।

• **ਲੜਾਈ - ਝਗੜਾ ਕਰਨ ਵਾਲੀ -** ਉਹ ਝਗੜਾਲੂ ਕਿਸਮ ਦੀ ਔਰਤ ਹੈ । ਉਹ ਹਰ ਸਮੇਂ ਆਪਣੀ ਦਰਾਣੀ ਨਾਲ ਲੜਾਈ ਆਰੰਭੀ ਰੱਖਦੀ ਹੈ। ਉਸਦੀ ਤੇ ਸੰਤੀ ਦੀ ਲੜਾਈ ਕਾਰਨ ਘਰ ਵਿੱਚ ਹਮੇਸ਼ਾ ਕਲੇਸ਼ ਬਣਿਆ ਰਹਿੰਦਾ ਹੈ।

• **ਚਲਾਕ ਔਰਤ -** ਉਹ ਇੱਕ ਚਲਾਕ ਔਰਤ ਹੈ। ਉਹ ਪਹਿਲਾਂ ਤਾਂ ਸੰਤੀ ਨੂੰ ਜਾਣ-ਬੁੱਝ ਕੇ ਸੁਣਾ ਕੇ ਬੁਰਾ-ਭਲਾ ਬੋਲਦੀ ਹੈ, ਪਰ ਜਦੋਂ ਕਰਤਾਰੀ ਅੱਗੋਂ ਜਵਾਬ ਦਿੰਦੀ ਹੈ, ਤਾਂ ਉਹ ਕਹਿੰਦੀ ਹੈ ਕਿ ਉਹ ਆਪਣੇ ਘਰ ਜੋ ਮਰਜ਼ੀ ਬੋਲ ਸਕਦੀ ਹੈ। ਉਹ ਕਰਤਾਰੀ ਉੱਪਰ ਉਲਟੇ ਕੰਧਾਂ ਨਾਲ ਲੱਗ-ਲੱਗ ਕੇ ਉਸ ਦੀਆਂ ਗੱਲਾਂ ਸੁਣਨ ਦੇ ਦੋਸ਼ ਲਾਉਂਦੀ ਹੈ।

**• ਅੰਧਵਿਸ਼ਵਾਸ ਦੀ ਸ਼ਿਕਾਰ -** ਕਰਤਾਰੀ ਅੰਧਵਿਸ਼ਵਾਸ ਦੀ ਸ਼ਿਕਾਰ ਔਰਤ ਹੈ । ਉਹ ਆਪਣੇ ਸਹੁਰੇ ਕੋਲ ਦਰਾਣੀ ਸੰਤੀ ਉੱਪਰ ਅੰਧਵਿਸ਼ਵਾਸ ਤਹਿਤ ਹੀ ਇਲਜ਼ਾਮ ਲਾਉਂਦੀ ਹੈ ਕਿ ਉਸ ਦੀ ਨਜ਼ਰ ਲੱਗਣ ਕਰਕੇ ਮਣ ਕਣਕ ਵਿਚੋਂ ਮਸਾਂ ਦਸ ਸੇਰ ਆਟਾ ਨਿਕਲਿਆ ਹੈ।

**• ਹਮਲਾਵਰ -** ਇਕਾਂਗੀ ਵਿੱਚ ਕਰਤਾਰੀ ਇੱਕ ਹਮਲਾਵਰ ਕਿਸਮ ਦੀ ਔਰਤ ਹੈ। ਉਹ ਲੜਾਈ ਦੌਰਾਨ ਸੰਤੀ ਨੂੰ ਮਾਰਨ ਲਈ ਅੱਗੇ ਵੀ ਵਧਦੀ ਹੈ। ਉਹ ਦੀਪੇ ਨੂੰ ਤੱਤਾ-ਤੱਤਾ ਚਿਮਟਾ ਮਾਰਨ ਦੀ ਧਮਕੀ ਵੀ ਦਿੰਦੀ ਹੈ।

**• ਸਖ਼ਤ ਸੁਭਾਅ ਵਾਲੀ -** ਕਰਤਾਰੀ ਦਾ ਸੁਭਾਅ ਸਖ਼ਤ ਹੈ। ਉਹ ਘਰ ਵਿੱਚ ਆਪਣੀ ਦਹਿਸ਼ਤ ਬਣਾ ਕੇ ਰੱਖਦੀ ਹੈ। ਜਿੰਦੇ ਦੇ ਕਹਿਣ ਅਨੁਸਾਰ ਉਸਦੇ ਘਰ ਵਿੱਚ ਹੁੰਦਿਆਂ ਦੀਪਾ ਸਾਹ ਨਹੀਂ ਕੱਢਦਾ। ਉਸ ਦੇ ਖੇਤ ਜਾਣ ਪਿੱਛੋਂ ਦੀਪਾ, ਜਿੰਦਾ ਤੇ ਬਜ਼ੁਰਗ ਘਰ ਵਿੱਚ ਅਜ਼ਾਦੀ ਮਹਿਸੂਸ ਕਰਦੇ ਅਤੇ ਢਾਰੇ ਉੱਤੇ ਬੈਠ ਕੇ ਚਾਹ ਪੀਣ ਦਾ ਆਨੰਦ ਮਾਣਦੇ ਹਨ।

**• ਸਥਿਤੀ ਅਨੁਸਾਰ ਬਦਲ ਜਾਣ ਵਾਲੀ -** ਕਰਤਾਰੀ ਅਤੇ ਸੰਤੀ ਦੇ ਝਗੜੇ ਕਾਰਨ ਘਰ ਵਿੱਚ ਵੰਡ ਪਈ ਸੀ। ਜਿਸ ਕਾਰਨ ਬਜ਼ੁਰਗ ਮਾਨਸਿਕ ਤੌਰ ਤੇ ਦੁਖੀ ਸੀ। ਇਕਾਂਗੀ ਦੇ ਅੰਤ ਵਿੱਚ ਕਰਤਾਰੀ ਆਪਣੇ ਸਹੁਰੇ ਦੀ ਹਾਲਤ ਨੂੰ ਸਮਝ ਕੇ ਘਰ ਨੂੰ ਇੱਕ ਕਰਨ ਲਈ ਤਿਆਰ ਹੋ ਜਾਂਦੀ ਹੈ ਅਤੇ ਭੈਣ ਸੰਤੀ ਨਾਲ ਰਲ ਕੇ ਬੈਠਦੀ ਹੈ।

## 4. ਸੰਤੀ ਦਾ ਚਰਿੱਤਰ ਚਿਤਰਨ

**• ਜਾਣ-ਪਛਾਣ -** ਸੰਤੀ 'ਪਰਤ ਆਉਣ ਤੱਕ' ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ । ਉਹ ਸੁੰਦਰ ਦੀ ਪਤਨੀ ਹੈ ਅਤੇ ਜਿੰਦਾ ਉਸ ਦਾ ਪੁੱਤਰ ਹੈ। ਉਹ ਅਤੇ ਕਰਤਾਰੀ ਸਕੀਆਂ ਭੈਣਾਂ ਹਨ ਅਤੇ ਸਕੇ ਭਰਾਵਾਂ ਨਾਲ ਵਿਆਹੀਆਂ ਹਨ। ਇਕਾਂਗੀ ਵਿੱਚ ਉਸਦੇ ਕਰਤਾਰੀ ਨਾਲ ਕਲੇਸ਼ ਕਰਕੇ ਘਰ ਦੇ ਟੋਟੇ ਹੋ ਜਾਂਦੇ ਹਨ।

**• ਬਦਲਾ ਲੈਣ ਵਾਲੀ -** ਉਹ ਬਦਲੇਖੋਰ ਔਰਤ ਹੈ। ਉਹ ਕਰਤਾਰੀ ਨਾਲ ਝਗੜੇ ਦੌਰਾਨ ਉਸਦੀ ਹਰ ਗੱਲ ਦਾ ਮੋੜ ਕੇ ਜਵਾਬ ਦਿੰਦੀ ਹੈ। ਜੇਕਰ ਕਰਤਾਰੀ ਉਸ ਉੱਪਰ ਕੋਈ ਦੋਸ਼ ਲਾਉਂਦੀ ਹੈ, ਤਾਂ ਬਦਲੇ ਵਿੱਚ ਉਹ ਵੀ ਉਸ ਉੱਪਰ ਕੋਈ ਨਾ ਕੋਈ ਦੋਸ਼ ਲਾ ਦਿੰਦੀ ਹੈ।

**• ਵਹਿਮ ਦਾ ਸ਼ਿਕਾਰ -** ਉਹ ਕਰਤਾਰੀ ਵਾਂਗ ਨਜ਼ਰ ਲੱਗਣ ਵਰਗੇ ਵਹਿਮਾਂ ਦਾ ਸ਼ਿਕਾਰ ਹੈ। ਉਹ ਕਰਤਾਰੀ ਉੱਤੇ ਆਪਣੀ ਦੁੱਧ ਦੀ ਭਰੀ ਬਾਲਟੀ ਨੂੰ ਨਜ਼ਰ ਲਾਉਣ ਦਾ ਦੋਸ਼ ਲਾਉਂਦੀ ਹੈ ।

**• ਲੁਕ ਕੇ ਗੱਲਾਂ ਸੁਣਨ ਵਾਲੀ -** ਉਹ ਆਪਣੀ ਜਿਠਾਣੀ ਕਰਤਾਰੀ ਦੀਆਂ ਲੁਕ-ਛੁਪ ਕੇ ਗੱਲਾਂ ਸੁਣਦੀ ਹੈ। ਉਹ ਘਰ ਵਿੱਚ ਲੜਾਈ ਬਣਾਈ ਰੱਖਣ ਲਈ ਆਪਣਾ ਧਿਆਨ ਹਰ ਸਮੇਂ ਕਰਤਾਰੀ ਦੀਆਂ ਗੱਲਾਂ ਵਿੱਚ ਰੱਖਦੀ ਹੈ ਅਤੇ ਥੋੜ੍ਹਾ ਜਿਹਾ ਵੀ ਆਪਣੇ ਖ਼ਿਲਾਫ ਬੋਲਿਆ ਸੁਣ ਕੇ ਆਢਾ ਲਾ ਲੈਂਦੀ ਹੈ।

**• ਪਤੀ ਦਾ ਨਿਰਾਦਰ ਨਾ ਸਹਿਣ ਵਾਲੀ -** ਉਹ ਆਪਣੇ ਪਤੀ ਦਾ ਨਿਰਾਦਰ ਨਹੀਂ ਸਹਿਣ ਕਰਦੀ। ਜਦੋਂ ਕਰਤਾਰੀ ਉਸਦੇ ਪਤੀ ਨੂੰ ਮਾਉਂ-ਜਿਹਾ ਕਹਿੰਦੀ ਹੈ, ਤਾਂ ਉਹ ਇਸਨੂੰ ਸਹਿਣ ਨਾ ਕਰਦੀ ਹੋਈ ਕਹਿੰਦੀ ਹੈ, ''ਜ਼ਬਾਨ ਸੰਭਾਲ ਕੇ ਗੱਲ ਕਰ ਨੀ ਵੱਡੀਏ ਰਕਾਨੇ..... ।"

**• ਸਥਿਤੀ ਅਨੁਸਾਰ ਬਦਲ ਜਾਣ ਵਾਲੀ -** ਕਰਤਾਰੀ ਅਤੇ ਸੰਤੀ ਦੇ ਝਗੜੇ ਕਾਰਨ ਘਰ ਵਿੱਚ ਵੰਡ ਪਈ ਸੀ। ਜਿਸ ਕਾਰਨ ਬਜ਼ੁਰਗ ਮਾਨਸਿਕ ਤੌਰ ਤੇ ਦੁਖੀ ਸੀ। ਇਕਾਂਗੀ ਦੇ ਅੰਤ ਵਿੱਚ ਸੰਤੀ ਆਪਣੇ ਸਹੁਰੇ ਦੀ ਹਾਲਤ ਨੂੰ ਸਮਝ ਕੇ ਘਰ ਨੂੰ ਇੱਕ ਕਰਨ ਲਈ ਤਿਆਰ ਹੋ ਜਾਂਦੀ ਹੈ ਅਤੇ ਆਪਣੀ ਭੈਣ ਕਰਤਾਰੀ ਨਾਲ ਰਲ ਕੇ ਬੈਠਦੀ ਹੈ।

## 5. ਬਜ਼ੁਰਗ ਦਾ ਚਰਿੱਤਰ ਚਿਤਰਨ

**• ਜਾਣ-ਪਛਾਣ -** ਬਜ਼ੁਰਗ 'ਪਰਤ ਆਉਣ ਤੱਕ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ । ਉਸਦਾ ਨਾਂ ਪੰਜਾਬਾ ਹੈ । ਉਸਦੀ ਪਤਨੀ ਮਰ ਚੁੱਕੀ ਸੀ। ਸੱਜਣ ਤੇ ਸੁੰਦਰ ਉਸ ਦੇ ਪੁੱਤਰ ਹਨ । ਕਰਤਾਰੀ ਤੇ ਸੰਤੀ ਉਸਦੀਆਂ ਨੂੰਹਾਂ ਹਨ | ਦੀਪਾ ਤੇ ਜਿੰਦਾ ਉਸਦੇ ਪੋਤਰੇ ਹਨ । ਉਹ ਧੌਲੀ ਦਾੜ੍ਹੀ ਵਾਲਾ ਬਜ਼ੁਰਗ ਹੈ।

**• ਘਰ ਦੇ ਕਲੇਸ਼ ਤੋਂ ਦੁਖੀ -** ਉਹ ਘਰ ਦੇ ਕਲੇਸ਼ ਤੋਂ ਦੁਖੀ ਹੈ, ਪਰ ਉਹ ਬੇਵੱਸ ਵਿਅਕਤੀ ਹੈ, ਕਿਉਂਕਿ ਘਰ ਵਿੱਚ ਕੋਈ ਉਸਦੀ ਗੱਲ ਮੰਨਣ ਨੂੰ ਤਿਆਰ ਨਹੀਂ । ਉਹ ਘਰ ਵਿੱਚ ਪਈ ਵੰਡ ਕਰਕੇ ਦੁਖੀ ਹੈ। ਦੁੱਖ ਕਰਕੇ ਹੀ ਬੋਲਦੇ ਸਮੇਂ ਉਸਦਾ ਗੱਚ ਭਰ ਆਉਂਦਾ ਹੈ। ਵੰਡ ਤੋਂ ਬਾਅਦ ਉਸ ਨੇ ਘਰ ਵਿੱਚ ਪੈਰ ਨਹੀਂ ਪਾਇਆ। ਉਹ ਘਰ ਤੋਂ ਅਲੱਗ ਆਪਣੇ ਢਾਰੇ ਵਿੱਚ ਰਹਿੰਦਾ ਹੈ।

**• ਮਿਹਨਤ ਕਰਨ ਵਾਲਾ -** ਉਹ ਇਕ ਮਿਹਨਤੀ ਆਦਮੀ ਹੈ । ਉਸਨੇ ਬਹੁਤ ਮਿਹਨਤ ਕਰਕੇ ਆਪਣਾ ਘਰ ਬਣਾਇਆ ਸੀ। ਉਸਨੇ ਆਪਣੀ ਪਤਨੀ ਸਮੇਤ ਆਪਣੇ ਪੁੱਤਰਾਂ ਲਈ ਆਪਣੇ ਸੁੱਖ-ਦੁੱਖ ਦੀ ਪ੍ਰਵਾਹ ਨਹੀਂ ਕੀਤੀ ਸੀ।

**• ਘਰ ਦੀ ਵੰਡ ਨੂੰ ਨਾ ਮੰਨਣ ਵਾਲਾ -** ਉਸ ਦੀਆਂ ਨੂੰਹਾਂ ਦੇ ਆਪਸੀ ਕਲੇਸ਼ ਕਾਰਨ ਘਰ ਦੀ ਜੋ ਵੰਡ ਹੋਈ ਹੈ, ਉਹ ਉਸਨੂੰ ਸਵੀਕਾਰ ਨਹੀਂ ਕਰਦਾ ਅਤੇ ਵੰਡੇ ਘਰ ਵਿੱਚ ਪੈਰ ਨਹੀਂ ਪਾਉਂਦਾ। ਉਹ ਸਾਂਝੇ ਵਿਹੜੇ ਦੇ ਪਿੱਛੇ ਬਣੇ ਢਾਰੇ ਵਿਚ ਇਕੱਲਾ ਰਹਿੰਦਾ ਹੈ।

**• ਘਰ ਨੂੰ ਇੱਕ ਕਰਨ ਲਈ ਪੋਤਿਆਂ ਦਾ ਸਾਥ ਦੇਣ ਵਾਲਾ -** ਆਪਣੇ ਦਾਦੇ ਦੀ ਮਾਨਸਿਕ ਹਾਲਤ ਨੂੰ ਸਮਝ ਕੇ ਦੀਪਾ ਤੇ ਜਿੰਦਾ ਇੱਕ ਸਬੀਲ ਬਣਾਉਂਦੇ ਹਨ, ਜਿਸ ਵਿਚ ਬਜ਼ੁਰਗ ਬਿਮਾਰ ਹੋਣ ਦਾ ਨਾਟਕ ਕਰਕੇ ਉਹਨਾਂ ਦਾ ਸਾਥ ਦਿੰਦਾ ਹੈ। ਇਸ ਤਰ੍ਹਾਂ ਉਹ ਵੰਡੇ ਹੋਏ ਘਰ ਨੂੰ ਇੱਕ ਕਰ ਦਿੰਦੇ ਹਨ।

## ਵਾਰਤਾਲਾਪ ਸਬੰਧੀ ਪ੍ਰਸ਼ਨ

**1. "ਤੁਸੀਂ ਪੀਰਜ਼ਾਦਿਓ ਘਬਰਾਓ ਨਾ। ਤੁਸੀਂ ਏਉਂ ਕਿਉਂ ਨੀ ਕਰਦੇ ਬਈ ਸਾਡੇ ਡਰਾਮੇ 'ਚ ਪਾਰਟ ਕਰੋ। ਕਲਾਕਾਰ ਤੁਸੀਂ ਹੋ ਈ । ਬੱਸ ਗੱਲ ਆਪਣੇ ਕੋਲੋਂ ਨੀ ਬਣਾਉਣੀ ਜੋ ਸਭ ਡਾਇਰੈਕਟਰ ਸਾਹਿਬ ਦੱਸਣ, ਉਹੀ ਬੋਲਣੀ ਐ।"**

**ਪ੍ਰਸ਼ਨ -** (ੳ) ਇਕਾਂਗੀ ਅਤੇ ਇਕਾਂਗੀਕਾਰ ਦਾ ਕੀ ਨਾਂ ਹੈ ??

(ਅ) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(ੲ) ਇਸ ਵਾਰਤਾਲਾਪ ਵਿੱਚ ਕਲਾਕਾਰ ਕਿਸ ਨੂੰ ਕਿਹਾ ਗਿਆ ਹੈ ?

(ਸ) ਮੀਰਜ਼ਾਦਿਆਂ ਨੂੰ ਡਾਇਰੈਕਟਰ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਕੀ ਕਿਹਾ ਗਿਆ ਹੈ ?

**ਉੱਤਰ -** (ੳ) ਇਕਾਂਗੀ 'ਪਰਤ ਆਉਣ ਤੱਕ' ਅਤੇ ਇਕਾਂਗੀਕੀਰ ਡਾ: ਸਤੀਸ਼ ਕੁਮਾਰ ਵਰਮਾ।

(ਅ) ਇਹ ਸ਼ਬਦ ਪਹਿਲੇ ਕਲਾਕਾਰ ਨੇ ਦੋਹਾਂ ਮਰਾਸੀਆਂ ਨੂੰ ਕਹੇ ।

(ੲ) ਮਰਾਸੀਆਂ ਨੂੰ ।

(ਸ) ਮੀਰਜ਼ਾਦਿਆਂ ਨੂੰ ਕਿਹਾ ਗਿਆ ਹੈ ਕਿ ਡਰਾਮਾ ਪੇਸ਼ ਕਰਦੇ ਸਮੇਂ ਗੱਲ ਆਪਣੇ ਕੋਲੋਂ ਨਹੀਂ ਬਣਾਉਣੀ, ਸਗੋਂ ਜੋ ਡਾਇਰੈਕਟਰ ਸਾਹਿਬ ਦੱਸਣ, ਉਹੋ ਹੀ ਬੋਲਣੀ ਹੈ ।

**2. "ਚਾਹੇ ਕੋਈ ਕੁਛ ਕਹੇ। ਮੈਨੂੰ ਨੀਂ ਪਰਵਾਹ। ਮੈਂ ਸੌ ਦੀ ਇੱਕ ਸੁਣਾ 'ਤੀ। ਬਈ ਮੈਂ ਅੱਡ-ਅੱਡ ਹੋਏ ਘਰਾਂ 'ਚ ਨੀ ਜਾਣਾ। ਨਾਲੇ ਆਹ ਅੱਜ ਦੀ ਗੱਲ ਐ? ਜਿਵੇਂ ਥੋਨੂੰ ਪਤਾ ਨੀ। ਜਿੱਦਣ ਦਾ ਇਹ ਵੰਡ-ਵੰਡਾਰਾ ਹੋਇਐ, ਮੈਂ ਪਾਇਐ ਕਦਮ ਥੋਡੇ ਦੋਹਾਂ ਦੇ 'ਘਰਾਂ ਚ?"**

**ਪ੍ਰਸ਼ਨ -** (ੳ) ਇਕਾਂਗੀ ਅਤੇ ਇਕਾਂਗੀਕਾਰ ਦਾ ਕੀ ਨਾਂ ਹੈ ?

(ਅ) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(ੲ) ਬਜ਼ੁਰਗ ਕਿਸ ਦੀ ਪਰਵਾਹ ਨਹੀਂ ਕਰਦਾ ?

(ਸ) ਵੰਡ-ਵੰਡਾਰਾ ਹੋਣ 'ਤੇ ਬਜ਼ੁਰਗ ਕੀ ਕਹਿੰਦਾ ਹੈ ?

ਉੱਤਰ - (ੳ) ਇਕਾਂਗੀ 'ਪਰਤ ਆਉਣ ਤੱਕ' ਅਤੇ ਇਕਾਂਗੀਕੀਰ ਡਾ: ਸਤੀਸ਼ ਕੁਮਾਰ ਵਰਮਾ।

(ਅ) ਇਹ ਸ਼ਬਦ ਬਜ਼ੁਰਗ ਨੇ ਆਪਣੇ ਪੁੱਤਰਾਂ ਸੱਜਣ ਤੇ ਸੁੰਦਰ ਨੂੰ ਕਹੇ ।

(ੲ) ਲੋਕਾਂ ਦੀ ।

(ਸ) ਉਸਨੂੰ ਵੰਡ ਪਸੰਦ ਨਹੀਂ ਇਸ ਲਈ ਉਸਨੇ ਦੋਹਾਂ ਘਰਾਂ ਵਿੱਚ ਪੈਰ ਨਹੀਂ ਪਾਇਆ ।

**3. "ਕੋਈ ਅਕਲ ਦੀ ਗੱਲ ਕਰੋ। ਕਿਉਂ ਸਾਰੇ ਪਿੰਡ ਨੂੰ ਬਦਨਾਮੀ ਖੱਟਣ ਆਲਾ ਕੰਮ ਕਰਦੀਓਂ।ਇਸ ਘਰ 'ਚੋਂ ਕਦੇ ਉੱਚੀ ਅਵਾਜ਼ ਨੀ ਸੀ ਨਿਕਲੀ। ਲੋਕਾਂ ਨੇ ਸਾਡੀ ਅੱਲ 'ਚੁਪਕਿਆਂ ਕੇ' ਪਾਈ ਹੋਈ ਸੀ। ਹੁਣ ਮੈਨੂੰ ਲੱਗਦੈ 'ਬੋਲ ਬੁਲਾਰਿਆਂ ਕੇ' ਪਾਉਣਗੇ।"**

**ਪ੍ਰਸ਼ਨ -** (ੳ) ਇਕਾਂਗੀ ਅਤੇ ਇਕਾਂਗੀਕਾਰ ਦਾ ਕੀ ਨਾਂ ਹੈ ?

(ਅ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?

(ੲ) ਇਸ ਵਾਰਤਾਲਾਪ ਅਨੁਸਾਰ ਕਿਹੜੇ ਕੰਮ ਨਾਲ ਪਿੰਡ ਵਿੱਚ ਬਦਨਾਮੀ ਹੋਣ ਦਾ ਖ਼ਤਰਾ ਸੀ।

(ਸ) ਇਸ ਵਾਰਤਾਲਾਪ ਵਿੱਚ 'ਚੁਪਕਿਆਂ ਕੇ' ਅੱਲ ਕਿਨ੍ਹਾਂ ਬਾਰੇ ਹੈ?

**ਉੱਤਰ -** (ੳ) ਇਕਾਂਗੀ 'ਪਰਤ ਆਉਣ ਤੱਕ' ਅਤੇ ਇਕਾਂਗੀਕੀਰ ਡਾ: ਸਤੀਸ਼ ਕੁਮਾਰ ਵਰਮਾ।

(ਅ) ਇਹ ਸ਼ਬਦ ਸੁੰਦਰ ਨੇ ਸੰਤੀ ਨੂੰ ਕਹੇ।

(ੲ) ਸੰਤੀ ਤੇ ਕਰਤਾਰੀ ਦੇ ਝਗੜੇ ਕਰਕੇ ।

(ਸ) ਸੱਜਣ ਤੇ ਸੁੰਦਰ ਦੇ ਪਰਿਵਾਰ ਬਾਰੇ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਪਰਤ ਆਉਣ ਤੱਕ' ਇਕਾਂਗੀ ਦਾ ਲੇਖਕ ਕੌਣ ਹੈ ?**

ਉੱਤਰ - ਡਾ: ਸਤੀਸ਼ ਕੁਮਾਰ ਵਰਮਾ ।

**ਪ੍ਰਸ਼ਨ 2. ਪਹਿਲੇ ਦ੍ਰਿਸ਼ ਵਿਚ ਮੰਚ ਉੱਤੇ ਅਚਾਨਕ ਕੌਣ ਪਰਵੇਸ਼ ਕਰਦੇ ਹਨ ?**

ਉੱਤਰ - ਦੋ ਮਰਾਸੀ ।

**ਪ੍ਰਸ਼ਨ 3. ਢਾਰੇ ਵਿਚ ਕੌਣ ਰਹਿੰਦਾ ਹੈ ?**

ਉੱਤਰ – ਬਜ਼ੁਰਗ ਪੰਜਾਬਾ ।

**ਪ੍ਰਸ਼ਨ 4. ਘਰਾਂ ਦੇ ਵਿਚਕਾਰ ਵੰਡ ਨੂੰ ਦਰਸਾਉਣ ਲਈ ਕੀ ਹੈ ?**

ਉੱਤਰ – ਢਾਰਾ ਤੇ ਗੱਡੇ ਦਾ ਪਹੀਆ।

**ਪ੍ਰਸ਼ਨ 5. ਕਰਤਾਰੀ ਬਜ਼ੁਰਗ ਕੋਲ ਕਿਸ ਵਿਰੁੱਧ ਸ਼ਕਾਇਤ ਕਰਦੀ ਹੈ ?**

ਉੱਤਰ - ਸੰਤੀ ਵਿਰੁੱਧ ।

**ਪ੍ਰਸ਼ਨ 6. ਤੀਜੇ ਦ੍ਰਿਸ ਦਾ ਸਮਾਂ ਕਿਹੜਾ ਹੈ ?**

ਉੱਤਰ - ਪ੍ਰਭਾਤ ਵੇਲਾ ।

**ਪ੍ਰਸ਼ਨ 7. 'ਪਰਤ ਆਉਣ ਤੱਕ' ਇਕਾਂਗੀ ਵਿੱਚ ਪਾਠ ਦੀ ਅਵਾਜ਼ ਕਿਥੋਂ ਆਉਂਦੀ ਹੈ ?**

ਉੱਤਰ – ਬਜ਼ੁਰਗ ਦੇ ਢਾਰੇ ਵਿੱਚੋਂ ।

**ਪ੍ਰਸ਼ਨ 8. ਕਰਤਾਰੀ ਆਪਣੇ ਪਤੀ ਸੱਜਣ ਕੋਲ ਕਿਸ ਵਿਰੁੱਧ ਸ਼ਕਾਇਤਾਂ ਕਰਦੀ ਹੈ ?**

ਉੱਤਰ - ਸੰਤੀ ਵਿਰੁੱਧ ।

**ਪ੍ਰਸ਼ਨ 9. ਸੰਤੀ ਆਪਣੇ ਪਤੀ ਕੋਲ ਕਿਸ ਦੇ ਵਿਰੁੱਧ ਸ਼ਕਾਇਤਾਂ ਕਰਦੀ ਹੈ ?**

ਉੱਤਰ - ਕਰਤਾਰੀ ਵਿਰੁੱਧ ।

**ਪ੍ਰਸ਼ਨ 10. ਕਰਤਾਰੀ ਦੇ ਪਤੀ ਦਾ ਨਾਂ ਕੀ ਹੈ ?**

ਉੱਤਰ - ਸੱਜਣ |

**ਪ੍ਰਸ਼ਨ 11. ਸੰਤੀ ਦੇ ਪਤੀ ਦਾ ਨਾਂ ਕੀ ਹੈ ?**

ਉੱਤਰ - ਸੁੰਦਰ ।

**ਪ੍ਰਸ਼ਨ 12. ਸੱਜਣ ਤੇ ਸੁੰਦਰ ਦਾ ਆਪਸ ਵਿਚ ਕੀ ਰਿਸ਼ਤਾ ਹੈ ?**

ਉੱਤਰ - ਭਰਾਵਾਂ ਦਾ ।

**ਪ੍ਰਸ਼ਨ 13. ਕਰਤਾਰੀ ਤੇ ਸੰਤੀ ਦਾ ਕੀ ਰਿਸ਼ਤਾ ਹੈ ?**

ਉੱਤਰ - ਭੈਣਾਂ ਤੇ ਦਰਾਣੀ-ਜੇਠਾਣੀ ਦਾ ।

**ਪ੍ਰਸ਼ਨ 14. ਦੀਪਾ ਕਿਸਦਾ ਪੁੱਤਰ ਹੈ ?**

ਉੱਤਰ - ਸੱਜਣ ਤੇ ਕਰਤਾਰੀ ਦਾ ।

**ਪ੍ਰਸ਼ਨ 15. ਜਿੰਦਾ ਕਿਸਦਾ ਪੁੱਤਰ ਹੈ ?**

ਉੱਤਰ - ਸੁੰਦਰ ਤੇ ਸੰਤੀ ਦਾ ।

**ਪ੍ਰਸ਼ਨ 16. 'ਨੋ ਮੈਨਜ਼ ਲੈਂਡ' ਕੀ ਹੈ ?**

ਉੱਤਰ - ਢਾਰਾ ਤੇ ਗੱਡੇ ਦਾ ਪਹੀਆ।

**ਪ੍ਰਸ਼ਨ 17. ਦੀਪਾ ਬਾਬੇ ਲਈ ਕਿਹੜਾ ਸ਼ਬਦ ਵਰਤਦਾ ਹੈ ?**

ਉੱਤਰ - ਰਾਸ਼ਟਰਪਤੀ ।

**ਪ੍ਰਸ਼ਨ 18. ਇਕਾਂਗੀ ਵਿੱਚ ਬਜ਼ੁਰਗ ਦਾ ਨਾਂ ਕੀ ਹੈ ?**

ਉੱਤਰ - ਪੰਜਾਬਾ ।

**ਪ੍ਰਸ਼ਨ 19. ਘਰ ਦੀ ਵੰਡ ਦਾ ਸਭ ਤੋਂ ਵੱਧ ਦੁੱਖ ਕਿਸ ਨੂੰ ਹੈ ?**

ਉੱਤਰ - ਬਜ਼ੁਰਗ ਨੂੰ ।

**ਪ੍ਰਸ਼ਨ 20. ਕੌਣ ਆਪਣਾ ਘਰ ਖੇਤਾਂ ਵਿਚ ਬਣਾਉਣ ਲਈ ਕਹਿੰਦਾ ਹੈ ?**

ਉੱਤਰ - ਕਰਤਾਰੀ ।

**ਪ੍ਰਸ਼ਨ 21. ਕੌਣ ਜ਼ਮੀਨ ਤੇ ਘਰ ਵੇਚ ਕੇ ਸ਼ਹਿਰ ਜਾਣ ਦੀ ਸਲਾਹ ਦਿੰਦਾ ਹੈ ?**

ਉੱਤਰ - ਸੰਤੀ ।

**ਪ੍ਰਸ਼ਨ 22. ਸੰਤੀ ਸ਼ਹਿਰ ਜਾ ਕੇ ਕਿਹੜਾ ਕੰਮ ਚਲਾਉਣ ਦੀ ਗੱਲ ਕਰਦੀ ਹੈ ?**

ਉੱਤਰ - ਡੇਅਰੀ ਫ਼ਾਰਮ ।

ਗੁਰਦੀਪ ਸਿੰਘ ਬਰਾੜ

ਪੰਜਾਬੀ ਮਾਸਟਰ ਸਸਸਸ ਕੋਟਲੀ

ਅਬਲੂ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ।